ਪ੍ਰਕਾਸ਼ਕ

26ਵੀਂ ਮਹਾਵੀਰ ਜਨਮ ਕਲਿਆਨਕ ਸਤਾਬਦੀ ਸੰਜੋਜਿਕਾ ਸੰਮਤੀ ਪੰਜਾਬ

ਪੁਰਾਣਾ ਬਸ ਸਟੈਂਡ ਮਹਾਵੀਰ ਸਟਰੀਟ, ਮਾਲੇਰਕੋਟਲਾ ਜ਼ਿਲ੍ਹਾ ਸੰਗਰੂਰ


www.jainworld.com

ਜੂਨੇਰਾ ਕੰਪਿਊਟਰਜ਼

ਦਿੱਲੀ ਗੇਟ ਮਾਲੇਰਕੋਟਲਾ

# ਸ਼ਟ ਦਰੱਵ ਵਿਚਾਰ ਪੰਚਾਸ਼ਿਕਾ

# Shat Darave Vichar Panchasika



ਅਨੁਵਾਦਕ : ਪੁਰਸ਼ੋਤਮ ਜੈਨ - ਰਵਿੰਦਰ ਜੈਨ

# ਅਨੁਵਾਦਕਾਂ ਵੱਲੋਂ

ਜੈਨ ਦਰਸ਼ਨ ਵਿੱਚ ਛੇ ਦਰੱਵ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਮੂਲ ਰੂਪ ਵਿੱਚ ਜੈਨ ਧਰਮ ਵਿੱਚ ਦੋ ਹੀ ਤੱਤਵ ਮੰਨੇ ਜਾਂਦੇ ਹਨ। ਜੀਵ ਅਤੇ ਅਜੀਵ ਸਾਰਾ ਜੈਨ ਦਰਸ਼ਨ ਇਹਨਾਂ ਦੋਹਾਂ ਤੱਤਵਾਂ ਤੇ ਆਧਾਰਤ ਹੈ। ਖੁਦ ਭਗਵਾਨ ਮਹਾਵੀਰ ਵੀ ਭਗਵਤੀ ਸੂਤਰ ਵਿੱਚ ਇਹਨਾਂ ਦੋਹਾਂ ਤੱਤਵਾਂ ਬਾਰੇ ਅਪਣੇ ਵਿਦਵਾਨ ਚੈਲੇ ਗੰਧਰ ਇੰਦਰ ਭੂਤੀ ਨਾਲ ਚਰਚਾ ਕੀਤੀ ਹੈ।

ਸਮੇਂ ਸਮੇਂ ਭਿੰਨ ਭਿੰਨ ਭਾਸ਼ਾ ਵਿੱਚ ਇਹਨਾਂ ਦੋਹਾਂ ਮੁੱਖ ਤੱਤਵਾਂ ਨੂੰ ਲੈ ਕੇ ਸੁਤੰਤਰ ਗ੍ਰੰਥਾ ਦੀ ਰਚਨਾ ਭਿੰਨ ਭਿੰਨ ਭਾਰਤੀ ਭਾਸ਼ਾ ਵਿੱਚ ਹੁੰਦੀ ਰਹੀ ਹੈ। ਹਰ ਜੈਨ ਉਪਾਸ਼ਕ ਲਈ ਜ਼ਰੂਰੀ ਹੈ ਕਿ ਉਹ ਅਪਣੀ ਧਰਮ ਪ੍ਰਤੀ ਦ੍ਰਿੜਤਾ ਦਿਖਾਉਂਦਾ ਇਹਨਾਂ ਨੌਂ ਤੱਤਵਾਂ ਅਤੇ ਛੇ ਦਰੱਵਾਂ ਪ੍ਰਤੀ ਪੂਰੀ ਸਮਰਪਣ ਭਾਵਨਾ ਨਾਲ ਸਮਝੇ ਅਤੇ ਉਸੇ ਅਨੁਸਾਰ ਅਪਣੇ

ਜੀਵਨ ਨੂੰ ਢਾਲਦਾ ਹੋਇਆ ਅਪਣੀ ਆਤਮਾ ਦਾ ਕਲੀਆਣ ਕਰੇ।

ਸ਼ਟ ਦਰੱਵ ਵਿਚਾਰ ਪੰਚਾਸ਼ਿਕਾ: ਗ੍ਰੰਥ ਵੀ ਇਸੇ ਤੱਤਵਾਂ ਦੀ ਵਿਆਖੀਆ ਦੀ ਇੱਕ ਕੜੀ ਹੈ। ਇਹ ਬਹੁਤ ਹੀ ਛੋਟਾ ਪਰ ਸਾਰ ਪੂਰਨ ਗ੍ਰੰਥ ਹੈ। ਵਿਸਤਾਰ ਤੋਂ ਡਰਦੇ ਹੋਏ ਅਪਣੀ ਗੱਲ ਨੂੰ ਕੁੱਝ ਸ਼ਬਦਾਂ ਵਿੱਚ ਕਹਿਨ ਦੀ ਇਸ ਤੋਂ ਸੁੰਦਰ ਉਦਾਹਰਨ ਹੋਰ ਕੀਤੇ ਨਹੀਂ ਮਿਲਦੀ। ਇਸ ਗ੍ਰੰਥ ਦਾ ਵਿਸ਼ਾ ਵੀ ਦਰੱਵ ਦਾ ਵਰਨਣ ਕਰਨਾ ਹੈ। ਪਹਿਲਾਂ ਜੜ ਚੇਤਨ ਜਾਂ ਜੀਵ ਅਜੀਵ ਰੂਪ ਤੋਂ ਦਰੱਵ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ ਫਿਰ ਜੀਵ ਦੇ ਸ਼ੁੱਧ ਅਸ਼ੁੱਧ ਭੇਦ ਕਰਕੇ ਅਜੀਵ ਦਰੱਵ ਨੂੰ ਪੰਜ ਪ੍ਰਕਾਰ ਵਿੱਚ ਵੰਡਿਆ ਗਿਆ ਹੈ। ਸ਼ਲੋਕ ਚਾਰ ਤੋਂ ਗਿਆਰਾਂ ਤੱਕ ਜੀਵ ਦਰੱਵ ਅਤੇ ਉਸ ਦੇ ਗੁਣ ਪਰੀਆਈਆਂ ਦਾ ਵਰਨਣ ਹੈ। ਅਜੀਵ ਦਰੱਵ ਤੋਂ ਪਹਿਲਾਂ ਪੁਦਗਲ ਨੂੰ ਲੈ ਕੇ 13 ਤੋਂ ਵੀਹ ਸਲੋਕ ਤੱਕ ਵਿਚਾਰ ਕੀਤਾ ਗਿਆ ਹੈ ਇਸ ਦੇ ਸੂਖਮ ਸਥੂਲ ਭੇਦ ਦੱਸੇ ਗਏ ਹਨ। ਬਾਅਦ ਵਿੱਚ ਧਰਮਆਸਤੀ ਕਾਇਆ ਦਾ ਵਿਚਾਰ

ਕੀਤਾ ਗਿਆ ਹੈ ਸ਼ਲੋਕ 36 ਤੱਕ ਅਕਾਸ਼ ਦਰੱਵ ਅਤੇ 37 ਤੋਂ 43 ਤੱਕ ਕਾਲ ਦਰੱਵ ਦਾ ਵਰਨਣ ਕਰਕੇ ਸਭ ਦਰਵਾਂ ਦੀ ਸੰਖਿਆ ਪ੍ਰਦੇਸ਼ ਅਤੇ ਮੂਰਤ ਅਮੂਰਤ ਰੂਪ ਵਿਸ਼ੇਸਤਾ ਦੱਸਦੇ ਹੋਏ ਗ੍ਰੰਥ ਸਮਾਪਤ ਕੀਤਾ ਗਿਆ ਹੈ। ਅੰਤਮ ਆਖਰੀ ਤਿੰਨ ਸ਼ਲੋਕਾਂ ਵਿੱਚ ਗ੍ਰੰਥ ਦਾ ਸਾਰ ਅਤੇ ਲੇਖਕ ਦੀ ਪ੍ਰਸ਼ੱਸਤੀ ਹੈ ਇਹਨਾਂ ਸ਼ਲੋਕਾਂ ਤੋਂ ਹੀ ਇਸ ਗ੍ਰੰਥ ਦੇ ਲੇਖਕ ਦਾ ਪਤਾ ਚੱਲਦਾ ਹੈ ਕਿ ਇਸ ਗ੍ਰੰਥ ਦੇ ਲੇਖਕ ਆਚਾਰਿਆ ਕੰਜ ਕਿਰਤੀ ਉਹਨਾਂ ਨੂੰ ਪ੍ਰੇਰਨਾ ਦੇਣ ਵਾਲੇ ਆਚਾਰਿਆ ਸ਼ੁਭ ਚੰਦਰ ਦਾ ਵਰਨਣ ਹੈ ਹੋ ਸਕਦਾ ਹੈ ਕਿ ਇਹ ਸ਼ੁਭ ਚੰਦਰ ਗਿਆਨਾਰਵ ਗ੍ਰੰਥ ਦੇ ਰਚਿਤਾ ਹੋਣ। ਇਹ ਗ੍ਰੰਥ ਦਿਗੰਬਰ ਜੈਨ ਪ੍ਰੰਪਰਾ ਨਾਲ ਸੰਬਧਤ ਹੈ। ਇਸ ਦਾ ਪਹਿਲਾ ਅਨੁਵਾਦ ਜੈਨ ਆਚਾਰਿਆ ਹਸਤੀ ਮਲ ਜੀ ਮਹਾਰਾਜ ਨੇ ਕਰਕੇ ਸੰਮਿਅਕ ਗਿਆਨ ਪ੍ਰਚਾਰਕ ਮੰਡਲ ਜੈਪੁਰ ਤੋਂ ਛਪਵਾਇਆ ਹੈ। ਇਸ ਗ੍ਰੰਥ ਦੇ ਅਨੁਵਾਦ ਦਾ ਆਧਾਰ ਇਹੋ ਗ੍ਰੰਥ ਹੈ।

## ਧੰਨਵਾਦ:

ਅਸੀਂ ਸ਼੍ਰੀ ਵਿਨੋਦ ਦਰਿਆਪੁਰ ਇੰਚਾਰਜ ਜੈਨ ਵਰਲਡ ਦੇ ਵੀ ਧੰਨਵਾਦੀ ਹਾਂ ਕਿ ਜਿਹਨਾਂ ਪੰਜਾਬੀ ਜੈਨ ਸਾਹਿਤ ਨੂੰ ਅਪਣੀ ਵੈਬ ਸਾਇਟ ਤੇ ਯੋਗ ਸਥਾਨ ਦਿਤਾ ਹੈ ਜਿਸ ਰਾਹੀਂ ਪੰਜਾਬੀ ਜੈਨ ਸਾਹਿਤ ਆਮ ਲੋਕਾਂ ਤੱਕ ਪਹੁੰਚ ਸਕਿਆ ਹੈ। ਅਸੀਂ ਸੁਨੀਲ ਦੇਸ਼ ਮਣੀ ਸ਼ੋਲਾਪੁਰ ਦੇ ਸਹਿਯੋਗ ਲਈ ਵੀ ਧੰਨਵਾਦੀ ਹਾਂ।

ਅਸੀਂ ਅਪਣੇ ਛੋਟੇ ਵੀਰ *ਸ਼੍ਰੀ ਮੁਹੰਮਦ ਸ਼ੱਬੀਰ (ਜ਼ੂਨੈਰ੍ਹਾ ਕੰਪਿਊਟਰਜ਼, ਮਾਲੇਰਕੋਟਲਾ)* ਦੇ ਵੀ ਧੰਨਵਾਦੀ ਹਾਂ ਜਿਹਨਾਂ ਅਪਣਾ ਵਿਸ਼ੇਸ਼ ਧਿਆਨ ਅਤੇ ਸਹਿਯੋਗ ਇਸ ਪ੍ਰਕਾਸ਼ਨ ਵਿੱਚ ਦਿੱਤਾ ਹੈ।

## ਆਸ਼ੀਰਵਾਦ:

ਸਾਨੂੰ ਪੰਜਾਬੀ ਜੈਨ ਸਾਹਿਤ ਲਈ ਆਚਾਰਿਆ ਸ਼੍ਰੀ ਆਨੰਦ ਰਿਸ਼ੀ ਜੀ, ਆਚਾਰਿਆ ਸ਼੍ਰੀ ਦੇਵੇਂਦਰ ਮੁਨੀ ਜੀ, ਆਚਾਰਿਆ ਸ਼੍ਰੀ ਸ਼ੁਸ਼ੀਲ ਕੁਮਾਰ ਜੀ, ਆਚਾਰਿਆ ਸ਼੍ਰੀ

ਤੁਲਸੀ ਜੀ, ਆਚਾਰਿਆ ਸ੍ਰੀ ਮਹਾਂ ਪ੍ਰਗੀਆ ਜੀ, ਆਚਾਰਿਆ ਸ੍ਰੀ ਵਿਜੈਇੰਦਰ ਦਿਨ ਸ਼ੂਰੀ, ਆਚਾਰਿਆ ਸ੍ਰੀ ਨਿਤਿੱਆ ਨੰਦ ਸ਼ੂਰੀ ਜੀ ਅਤੇ ਸ਼੍ਰਮਣ ਸੰਘ ਦੇ ਚੋਥੇ ਆਚਾਰਿਆ ਡਾ: ਸ਼ਿਵ ਮੁਨੀ ਜੀ ਦੇ ਆਸ਼ੀਰਵਾਦ ਪ੍ਰਾਪਤ ਰਹੇ ਹਨ। ਇਸ ਤੋਂ ਛੁਟ ਆਚਾਰਿਆ ਮਹਾਂ ਪ੍ਰਗੀਆ ਦੇ ਚੈਲੇ ਸਵਰਗੀ ਸ੍ਰੀ ਵਰਧਮਾਨ ਜੀ ਅਤੇ ਸ੍ਰੀ ਜੈ ਚੰਦ ਜੀ ਦੇ ਆਸ਼ੀਰਵਾਦ ਪ੍ਰਾਪਤ ਹਨ। ਸਾਧਵੀਆਂ ਵਿੱਚ ਪੰਜਾਬੀ ਜੈਨ ਸਾਹਿਤ ਪ੍ਰੇਰਕਾ ਜੈਨ ਜਯੋਤੀ ਉਪ ਪ੍ਰਵਰਤਨੀ ਸ੍ਰੀ ਸ਼ਵਰਨਕਾਂਤਾ ਜੀ ਮਹਾਰਾਜ, ਉਹਨਾਂ ਦੀ ਵਿਦਵਾਨ ਚੇਲੀ ਸਾਧਵੀ ਸ੍ਰੀ ਸੁਧਾ ਜੀ ਮਹਾਰਾਜ ਅਤੇ ਆਚਾਰਿਆ ਸਾਧਵੀ ਡਾ: ਸਾਧਨਾ ਜੀ ਦੇ ਆਸ਼ੀਰਵਾਦ ਪ੍ਰਾਪਤ ਹਨ। ਆਸ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਇਹਨਾਂ ਦਾ ਆਸ਼ਿਰਵਾਦ ਬਣਿਆ ਰਹੇਗਾ।

ਸ਼ੁਭ ਚਿੰਤਕ:

31/03/2008 ਪੁਰਸ਼ੋਤਮ ਜੈਨ, ਰਵਿੰਦਰ ਜੈਨ

ਮੰਡੀ ਗੋਬਿੰਦਗੜ੍ਹ ਅਨੁਵਾਦਕ

# ਛੇ (ਸ਼ੱਟ) ਦਰੱਵ ਵਿਚਾਰ ਪੰਚਾਸ਼ਿਕਾ

## ਜੀਵ ਦਰੱਵ

ਨੌਂ ਤੱਤਵਾਂ ਅਤੇ ਉਹਨਾਂ ਦੇ ਭਿੰਨ ਅਤੱਤਵਾਂ ਨੂੰ ਜਾਣਨ ਵਾਲੇ ਸਰਵਗ ਜੋ ਸਭ ਦੇ ਮਨਣ ਯੋਗ ਅਤੇ ਸਾਰੇ ਗੁਣਾਂ ਨਾਲ ਸੰਪਨ ਹਨ। ਅਜਿਹੇ ਭਗਵਾਨ ਮਹਾਵੀਰ ਨੂੰ ਨਮਸਕਾਰ ਕਰਕੇ ਮੈਂ ਜੀਵ ਆਦਿ ਦਰੱਵ ਦੇ ਲੱਛਣਾ ਨੂੰ ਆਖਾਂਗਾ। ॥1॥

ਜਿਨੇਸ਼ਵਰਾਂ ਨੇ ਜੀਵ ਅਤੇ ਅਜੀਵ ਦੋ ਦਰੱਵ ਆਖੇ ਹਨ। ਉਸ ਵਿੱਚ ਸ਼ੁੱਧ ਅਤੇ ਅਸ਼ੁੱਧ ਦੇ ਭੇਦ ਤੋਂ ਜੀਵ ਦਰੱਵ ਦੋ ਪ੍ਰਕਾਰ ਦਾ ਹੈ। ॥2॥

ਅਪਣੇ ਗੁਣਾਂ ਦੇ ਭੇਦ ਤੋਂ ਅਜੀਵ ਦਰੱਵ ਵੀ ਪੰਜ ਪ੍ਰਕਾਰ ਦਾ ਹੈ। ਧਰਮ, ਅਧਰਮ, ਅਕਾਸ਼, ਕਾਲ ਅਤੇ ਪੁਦਗਲ। ॥3॥

ਜੀਵ ਸੁਭਾਵ ਪੱਖੋਂ ਚੇਤਨਾ ਲੱਛਣ ਵਾਲਾ, ਵੇਖਣ ਵਾਲਾ ਅਤੇ ਜਾਣਨ ਵਾਲਾ ਹੈ। ਪ੍ਰਦੇਸ਼ ਪੱਖੋਂ ਉਹ ਲੋਕ, ਆਕਾਸ਼, ਪਰਮਾਨ, ਭਾਵ, ਅਸੰਖ ਪ੍ਰਦੇਸ਼ੀ ਹੈ। ॥4॥

ਜੀਵ ਗਿਆਨ ਪੱਖੋਂ ਲੋਕ, ਅਕਾਸ਼ ਪਰਮਾਨ ਵਾਲਾ ਹੈ ਹੋਰ ਦਰੱਵ ਪੱਖੋਂ ਅੰਨਤਮੇਯ ਭਾਗ ਵਾਲਾ ਹੈ। ਗੁਣ ਅਤੇ ਅਰੂਪੀ ਹੈ। ਅਸਿਤੱਤਵ (ਹੋਂਦ), ਵਸਤੁਤੱਵ ਅਤੇ ਪ੍ਰਮੇਯਾਤਤਵ ਗੁਣ ਵਾਲਾ ਹੈ। ਜਿਸ ਦਾ ਕਦੇ ਨਾਸ਼ ਨਾ ਹੋਵੇ ਉਹ ਅਸਿਤੱਤਵ ਗੁਣ ਵਾਲਾ ਹੈ। ਜਿਸ ਵਿੱਚ ਕ੍ਰਿਆ ਹੋਵੇ ਉਹ ਵਸਤੁਤਵ ਗੁਣ ਵਾਲਾ ਕਿਹਾ ਜਾਂਦਾ ਹੈ। ਗਿਆਂਨ ਨਾਲ ਜਾਣਨ ਯੋਗ ਪਦਾਰਥ ਨੂੰ ਪਰਮੇਯ ਤੱਤਵ ਗੁਣ ਵਾਲਾ ਆਖਦੇ ਹਨ। ॥5॥

ਆਤਮਾਂ ਸ਼ੁੱਧ ਨਾਯੇ ਪੱਖੋਂ ਸ਼ੁੱਧ ਅਤੇ ਅਸ਼ੁੱਧ ਨਾਯੇ ਪੱਖੋਂ ਅਸ਼ੁੱਧ ਆਖਿਆ ਗਿਆ ਹੈ। ਸ਼ੁੱਧ ਆਤਮਾਂ ਦੇ ਵੀ ਦੋ ਭੇਦ ਹਨ। ਸਕਲ, ਭਾਵ ਪੂਰਨ ਸ਼ੁੱਧ – ਸ਼ਿੱਧ ਅਤੇ ਵਿਕਲ ਭਾਵ ਅਪੂਰਨ ਸ਼ੁੱਧ ਅਰਿਹੰਤ। ॥6॥

ਕਰਮ ਦੇ ਸੰਜੋਗ ਕਾਰਨ ਅਸ਼ੁੱਧ ਆਤਮਾਂ ਚਾਰੇ ਗਤੀਆਂ ਵਿੱਚ ਘੁੱਮਦਾ ਰਹਿੰਦਾ ਹੈ। ਇਸ ਲਈ ਇਹ ਚਾਰ ਪ੍ਰਕਾਰ ਦਾ ਆਖਿਆ ਗਿਆ ਹੈ। ਜਿਵੇਂ ਮਨੁੱਖ, ਨਾਰਕੀ, ਪਸ਼ੂ ਅਤੇ ਦੇਵਤਾ। ॥7॥

ਇਹ ਆਤਮਾਂ ਗੁਣ, ਪਰਿਆਏ ਅਤੇ ਉਤਪਾਦ, ਵਿਆਏ ਅਤੇ ਧਰਮਾਸ਼ਤਿਕ ਹੈ। ਚੇਤਨਾ ਲੱਛਣ ਵਾਲਾ ਅਪਣੇ ਪਰਾਏ ਦਾ ਪ੍ਰਕਾਸ਼ ਕਰਨ ਵਾਲਾ ਆਤਮਾਂ ਸ਼ੁੱਧ ਦਰੱਵ ਹੈ। ਜਿਸ ਵਿੱਚ ਗੁਣ ਰਹਿਨ ਉਸ ਨੂੰ ਦਰੱਵ ਆਖਦੇ ਹਨ। ॥8॥

ਤੀਰਥੰਕਾਰਾਂ ਨੇ ਕੇਵਲ ਗਿਆਨ ਅਤੇ ਕੇਵਲ ਦਰਸ਼ਨ ਨੂੰ ਜੀਵ ਦਾ ਸ਼ੁੱਧ ਗੁਣ ਮੰਨਿਆ ਹੈ ਅਤੇ ਲੋਕ ਵਿੱਚ ਸਥਿਤ ਜੈਨ ਆਗਮਾਂ ਵਿੱਚ ਨਿਸ਼ਚੈ ਪੱਖੋਂ ਪਰਿਆਏ ਆਖਿਆ ਗਿਆ ਹੈ। ਜਿਸ ਵਿੱਚ ਮੂਲ ਗੁਣ ਰਹਿੰਦੇ ਹੋਏ ਰੂਪ ਪਰਿਵਰਤਨ ਹੋਵੇ ਉਸ ਨੂੰ ਪਰੀਆਏ ਆਖਦੇ ਹਨ। ॥9॥

ਕੇਵਲ ਗਿਆਨ ਆਦਿ ਸ਼ੁੱਧ ਗੁਣ ਦੇ ਪੱਖੋਂ ਮਤੀ ਗਿਆਨ ਆਦਿ ਚਾਰ ਗਿਆਨ ਅਸ਼ੁੱਧ ਹਨ ਇਸ ਪ੍ਰਕਾਰ ਨਰਕ ਆਦਿ ਵਿੱਚ ਵੀ ਅਸ਼ੁੱਧ ਪਰੀਆਏ ਹੈ। ॥10॥

ਪਹਿਲਾਂ ਜੋ ਪਰੀਆਏ ਛੱਡੀ ਗਈ ਹੈ ਉਸ ਦੇ ਪੱਖੋਂ ਵਿਆਏ, ਅਤੇ ਅੱਗੇ ਹੋਣ ਵਾਲੀ ਪਰੀਆਏ ਦੀ ਦ੍ਰਿਸ਼ਟੀ ਤੋਂ

ਉਤਪਾਤ ਅਤੇ ਮੂਲ ਦਰੱਵ ਦੇ ਸੁਭਾਵ ਤੋਂ ਸਥਿਰ ਰਹਿਨ ਵਾਲਾ ਧਰੋਵਯ ਆਖਿਆ ਗਿਆ ਹੈ। ॥11॥

ਟਿਪਨੀ: ਸ਼ਲੋਕ ਛੇ ਵਸਤੂ ਨੂੰ ਭਿੰਨ ਭਿੰਨ ਦ੍ਰਿਸ਼ਟੀ ਤੋਂ ਵੇਖਨ ਨੂੰ ਨਯ ਆਖਦੇ ਹਨ। ਜੋ ਵਸਤੂਆਂ ਦੇ ਬਾਹਰਲੇ ਰੂਪ ਨੂੰ ਭੁਲਾਕੇ ਅੰਦਰਲੇ ਲੱਛਣਾ ਨੂੰ ਸਾਹਮਣੇ ਰੱਖਦਾ ਹੈ। ਉਹ ਸ਼ੁੱਧ ਨਯ ਹੈ, ਸ਼ੁੱਧ ਨਯ ਪੱਖੋਂ ਜੀਵ ਉਸ ਨੂੰ ਆਖਦੇ ਹਨ ਜੋ ਸ਼ੁੱਧ ਗਿਆਨ ਵਾਲਾ ਹੋਵੇ। ਮੋਹ ਤੇ ਅਗਿਆਨਤਾ ਦਾ ਪਰਛਾਵਾਂ ਨਾ ਹੋਵੇ। ਅਸ਼ੁੱਧ ਨਯ ਵਿਵਹਾਰ ਪੱਖੀ ਹੁੰਦਾ ਹੈ। ਭਾਵ ਜੋ ਪ੍ਰਾਣ ਯੋਗ ਅਤੇ ਉਪਯੋਗ ਨੂੰ ਧਾਰਨ ਕਰਦਾ ਹੈ, ਉਹ ਜੀਵ ਹੈ। ਸ਼ਕਲ ਤੇ ਵਿਕਲ ਰੂਪ ਦੇ ਦੋ ਰੂਪ ਹਨ। ਸ਼ਕਲ ਤੋਂ ਭਾਵ ਪੂਰਨ ਅਤੇ ਵਿਕਲ ਤੋਂ ਭਾਵ ਅਧੂਰਾ ਹੈ। ਸ਼ੁੱਧ ਸ਼ਕਲ ਜੀਵ ਸ਼ਿੱਧ ਜਾਂ ਪਰਮਾਤਮਾ ਹੈ ਵਿਕਲ ਸ਼ੁੱਧ ਤੋਂ ਅਰਿਹੰਤ ਅਵਸਥਾ ਦਾ ਗਿਆਨ ਹੁੰਦਾ ਹੈ। ਸਿੱਧ ਜੀਵ ਕਰਮ ਮੁਕਤ ਹੈ। ਅਰਿਹੰਤ ਕੇਵਲੀ ਅੱਠ ਕਰਮਾਂ ਵਿੱਚੋਂ ਚਾਰ ਕਰਮ (ਨਾਂ, ਗੋਤਰ, ਆਯੂ ਅਤੇ ਵੇਦਨੀਆਂ ਰਹਿ ਜਾਂਦੇ ਹਨ) ਉਮਰ ਪੂਰੀ ਹੋਣ ਤੇ ਇਹ ਕਰਮ ਰਹਿਤ ਸ਼ਿੱਧ ਹੁੰਦੇ ਹਨ। ਸਿੱਧ, ਅਨੰਤ ਗਿਆਨ,

ਅਨੰਤ ਸ਼ਰਧਾ, ਅਨੰਤ ਵੀਰਜ ਅਤੇ ਨਾ ਖਤਮ ਹੋਣ ਵਾਲੇ ਸੁੱਖ ਦੇ ਮਾਲਕ ਨਿਰਾਕਾਰ ਆਤਮਾ ਦਾ ਰੂਪ ਹੁੰਦੇ ਹਨ।

ਟਿਪਨੀ: ਸ਼ਲੋਕ ਗਿਆਰਾ, ਜਦ ਵਸਤੂ ਇਕ ਪਰੀਆਏ (ਅਵਸ਼ਥਾ) ਨੂੰ ਛੱਡ ਕੇ ਦੂਸਰੀ ਪਰੀਆਏ ਵਿੱਚ ਪ੍ਰਵੇਸ਼ ਕਰਦੀ ਹੈ ਤਾਂ ਇਹ ਦੂਸਰੀ ਪਰੀਆਏ ਪੱਖੋਂ ਉਤਪਾਦ ਅੱਖਵਾਉਂਦੀ ਹੈ। ਜਿਵੇਂ ਇੱਕ ਮਨੁੱਖ ਦਾ ਬਚਪਨ ਸਮਾਪਤ ਹੋ ਜਾਂਦਾ ਹੈ ਉਹ ਜਵਾਨੀ ਵਿੱਚ ਪ੍ਰਵੇਸ਼ ਕਰਦਾ ਹੈ। ਤਾਂ ਜਵਾਨੀ ਆਈ ਅਤੇ ਬਚਪਨ ਗਿਆ ਕਿਹਾ ਜਾਦਾ ਹੈ ਇਸ ਪ੍ਰਕਾਰ ਪਹਿਲੇ ਪਰੀਆਏ ਦਾ ਛੁਟਨਾ ਵਿਆਏ ਨਾਸ਼ ਕਿਹਾ ਜਾਂਦਾ ਹੈ ਅਤੇ ਨਵੇਂ ਪਰੀਆਏ ਦਾ ਪ੍ਰਗਟ ਹੋਣਾ ਉਤਪਾਦ ਹੈ। ਜਿਵੇਂ ਬਚਪਨ ਅਤੇ ਜਵਾਨੀ ਦੋਹਾਂ ਵਿੱਚ ਮਨੁੱਖ ਬਣੀਆਂ ਰਹਿੰਦਾ ਹੈ। ਅਜਿਹੇ ਆਉਣ ਜਾਣ ਵਾਲੇ ਦੋਹਾਂ ਪਰੀਆਏਆਂ ਵਿੱਚ ਵਸਤੂ ਦਾ ਕਾਇਮ ਰਹਿਣਾ ਧਰੋਵਯ ਹੈ।

# ਅਜੀਵ ਦਰੱਵ ਦਾ ਸਵਰੂਪ

ਮੁਨੀ ਸ਼ਰੇਸ਼ਟ ਹੁਣ ਅਜੀਵ ਦਰੱਵ ਦਾ ਸਵਰੂਪ ਦੱਸਦੇ ਹਨ। ਉਹਨਾਂ ਅਜੀਵਾਂ ਵਿੱਚ ਪਹਿਲਾਂ ਪੁਦਗਲ ਹੈ ਜੋ ਰੂਪੀ (ਸ਼ਕਲ ਵਾਲਾ) ਅਤੇ ਕ੍ਰਿਆਸ਼ੀਲ ਹੈ। ॥ 12 ॥

ਅਭਿਵਾਗੀ ਪੁਦਗਲ ਪਰਮਾਣੂ ਅੱਖਾਂ ਨਾਲ ਵਿਖਾਈ ਨਹੀਂ ਦਿੰਦੇ। ਉਹ ਪਰਮ ਅਵਧੀ ਗਿਆਨ ਰਾਹੀਂ ਹੀ ਗ੍ਰਹਿਣ ਕੀਤਾ ਜਾਂਦਾ ਹੈ। ਪੁਦਗਲ ਦਾ ਛੋਟਾ ਹਿੱਸਾ ਜੋ ਅੱਗੇ ਵੰਡਿਆ ਨਾ ਜਾ ਸਕੇ ਜੋ ਅੱਖਾਂ ਨਾਲ ਵਿਖਾਈ ਨਾ ਦੇਵੇ ਉਹ ਪਰਮਾਣੂ ਅਖਵਾਉਂਦਾ ਹੈ। ਇਹ ਅੱਖਾਂ ਤੋਂ ਵਿਖਾਈ ਨਹੀਂ ਦਿੰਦਾ ਪਰਮ ਅਵਧੀ ਗਿਆਨ ਰਾਹੀਂ ਹੀ ਵੇਖਿਆ ਜਾਂਦਾ ਹੈ। ॥ 13 ॥

ਸ਼ਪਰਸ ਅਤੇ ਆਦਿ ਪੁਦਗਲ ਦੇ ਸ਼ੁੱਧ ਗੁਣ ਹਨ ਅਤੇ ਸਫੈਦ ਪੀਲਾ ਆਦਿ ਵੀਹ ਗੁਣਾਂ ਨੂੰ ਤੀਰਥੰਕਰਾਂ ਨੇ ਅਸ਼ੁੱਧ ਦੱਸਿਆ ਹੈ। ॥ 14 ॥

ਪਰਮਾਣੂ ਹੀ ਪੁਦਗਲ ਦੀ ਸ਼ੁੱਧ ਪਰੀਆਏ ਹੈ। ਦੋ ਪਰਮਾਣੂਆਂ ਦੇ ਸੰਜੋਗ ਤੋਂ ਹੋਣ ਵਾਲੀ, ਦੋ ਗੁਣਾਂ ਵਾਲੇ ਤੋਂ ਲੈਕੇ

ਅਨੰਤ ਅਨੰਤਾਂ ਨੂੰ ਯੁਕਤ ਸਕੰਧ ਤੱਕ ਸਭ ਅਸ਼ੁੱਧ ਪਰੀਆਏ ਹਨ। ॥15॥

ਦੋ ਪ੍ਰਦੇਸ਼ੀ ਆਦਿ ਦੇ ਪੱਖੋਂ ਉਤਪਾਦ ਅਤੇ ਵਿਆਏ ਕਿਹਾ ਜਾਂਦਾ ਹੈ। ਉਤਪਾਦ ਅਤੇ ਵਿਆਏ ਦੀ ਅਵਸਥਾ ਵਿੱਚ ਵੀ ਧਰੁੱਵ ਸਤਾ ਰਹਿੰਦੀ ਹੈ। ਦੋ ਜਾਂ ਦੋ ਤੋਂ ਜਿਆਦ ਪਰਮਾਣੂਆਂ ਦਾ ਮਿਲਣਾ ਉਤਪਾਦ ਅਤੇ ਅੱਡ ਹੋਣਾ ਵਿਆਏ ਅਖਵਾਉਂਦਾ ਹੈ। ਪਰ ਦੋਹਾਂ ਹਾਲਤਾਂ ਵਿੱਚ ਪੁਦਗਲ ਦਰੱਵ ਦੀ ਸਤਾ ਜ਼ਰੂਰ ਰਹਿੰਦੀ ਹੈ। ਇਸ ਲਈ ਧਰੋਵਯ ਸੱਭ ਵਿੱਚ ਰਹਿੰਦਾ ਹੈ। ॥16॥

ਪੁਦਗਲ ਦਰੱਵ ਦੀਆਂ ਪਰੀਆਏ 6 ਪ੍ਰਕਾਰ ਦੀ ਹੈ। ਜਿਵੇਂ ਪ੍ਰਿਥਵੀ, ਜਲ, ਛਾਂ, ਚਾਰ ਇੰਦਰੀਆਂ ਦੇ ਵਿਸ਼ੇ ਅਤੇ ਕਰਮ ਪੁਦਗਲ ਅਤੇ ਪਰਮਾਣੂ। ॥17॥

ਪ੍ਰਿਥਵੀ ਤੇ ਪੁਦਗਲ ਸਥੂਲ ਵਿੱਚ ਸਥੂਲ ਭਾਵ ਅਤੀ ਸਥੂਲ ਹਨ। ਜਲ ਅਤੇ ਘੀ ਦੇ ਸਥੂਲ ਅਤੇ ਛਾਂ, ਧੁੱਪ ਅਤੇ ਪ੍ਰਕਾਸ਼ ਦੇ ਪੁਦਗਲ ਸਥੂਲ ਸੁਖਮ ਹਨ। ॥18॥

ਸ਼ਬਦ, ਰਸ, ਗੰਧ ਅਤੇ ਸ਼ਪਰਸ ਇਹ ਸੁਖਮ ਪੁਦਗਲ ਹਨ। ਕਿਉਂਕਿ ਅੱਖ ਤੋਂ ਨਾ ਦਿਖਾਈ ਦੇਣ ਤੇ ਵੀ ਹੋਰ ਇੰਦਰੀਆਂ ਤੋਂ ਗ੍ਰਹਿਣ ਕੀਤੇ ਜਾਂਦੇ ਹਨ। ॥19॥

ਅਨੰਤ ਪ੍ਰਦੇਸ਼ੀ ਹੋਣ ਦੇ ਕਾਰਨ ਕਾਰਮਨ ਸਕੰਧ ਸੁਖਮ ਹੈ। ਪੁਦਗਲ ਦਾ ਇੱਕ ਅਣੂ ਸੁਖਮ ਸੁਖਮ ਹੈ। ਕਿਉਂਕਿ ਉਹ ਨਾ ਤਾਂ ਅੱਖ ਤੋਂ ਵੇਖਿਆ ਜਾ ਸਕਦਾ ਹੈ ਅਤੇ ਨਾ ਹੀ ਹੱਥ ਰਾਹੀਂ ਛੋਹਿਆ ਜਾ ਸਕਦਾ ਹੈ। ॥20॥

# ਧਰਮ ਦਰੱਵ

ਗਤੀ ਲੱਛਣ ਵਾਲਾ ਦਰੱਵ ਕ੍ਰਿਆਹੀਣ, ਅਰੂਪੀ ਅਤੇ ਅਸੰਖਿਆਤ ਪ੍ਰਦੇਸ਼ੀ ਹੈ। ਸਿਰਫ ਲੋਕ ਵਿੱਚ ਸਥਿਰ ਰੂਪ ਵਿੱਚ ਫੈਲਿਆ ਹੋਇਆ ਹੈ। ॥21॥

ਜਿਸ ਪ੍ਰਕਾਰ ਪਾਣੀ ਜਨ ਜੰਤੂਆਂ (ਮੱਛੀ) ਆਦਿ ਦੇ ਚੱਲਣ ਵਿੱਚ ਸਹਾਇਕ ਹੁੰਦਾ ਹੈ ਉਸੇ ਪ੍ਰਕਾਰ ਧਰਮਆਸਤੀ ਕਾਇਆ ਜੀਵ ਅਤੇ ਪੁਦਗਲ ਨੂੰ ਗਤੀ ਕਰਨ ਵਿੱਚ ਸਹਾਇਕ ਹੁੰਦਾ ਹੈ। ॥22॥

ਧਰਮਆਸਤੀ ਕਾਇਆ ਦਾ ਗੁਣ ਗਤੀ ਵਿੱਚ ਸਹਾਇਤਾ ਦੇਣਾ ਹੈ। ਇਹ ਅਸੰਖਿਆਤ ਪ੍ਰਦੇਸ਼ੀ ਅਤੇ ਨਾਸ਼ਵਾਨ ਪਰੀਆਏ ਵਾਲਾ ਹੈ। ॥23॥

ਧਰਮ ਦਰੱਵ ਦੇ ਉਤਪਾਦ ਅਤੇ ਵਿਆਏ ਸੰਗਿਆ ਵਾਲੇ ਇੱਕ ਤਰ੍ਹਾਂ ਨਾਲ ਮੁੱਖ ਅਤੇ ਛੁਪੇ ਦੋ ਭੇਦ ਵਾਲਾ ਹੈ ਇਸ ਨੂੰ ਆਗਮ ਰਾਹੀਂ ਸਮਝਣਾ ਚਾਹਿਦਾ ਹੈ। ਉਤਪਾਦ ਅਤੇ ਵਿਆਏ ਨੂੰ ਜਗਤ ਤੋਂ ਗਮਣ ਅਤੇ ਸਥਿਤੀ ਵਿਸ਼ੇ ਵਾਲਾ ਸਮਝਣਾ ਚਾਹਿਦਾ ਹੈ

ਭਾਵ ਜੀਵ ਅਤੇ ਪੁਦਗਲ ਦੇ ਚੱਲਣ ਸਮੇਂ ਧਰਮਆਸਤੀ ਕਾਇਆ ਦਾ ਉਤਪਾਦ ਅਤੇ ਸਥਿਰ ਹੋਣ ਤੇ ਧਰਮ ਦਰੱਵ ਦਾ ਵਿਆਏ ਸਮਝਣਾ ਚਾਹਿਦਾ ਹੈ। ॥24॥

ਉਤਪਾਦ ਅਤੇ ਵਿਆਏ ਦੇ ਸਰੂਪ ਨੂੰ ਸਮਝਣ ਵਾਲੇ ਵਿਦਵਾਨਾਂ ਨੂੰ ਸਥਿਰ ਧਰਮ ਵਿੱਚ ਗਤੀ ਹੋਣ ਵਾਲੇ ਉਪਚਾਰ ਨੂੰ ਉਤਪਾਦ ਕਿਹਾ ਹੈ। ਪਹਿਲੀ ਸਥਿਤੀ ਨੂੰ ਵਿਆਏ ਕਿਹਾ ਹੈ। ਕਿਉਂਕਿ ਉਸ ਦਾ ਨਾਸ਼ ਹੋ ਚੁਕਾ ਹੈ। ॥25॥

ਵਸਤੂ ਦੇ ਸਥਾਈ ਸਰੂਪ ਨੂੰ ਗਿਆਨੀਆਂ ਨੇ ਧਰੋਵਯ ਕਿਹਾ ਹੈ ਅਤੇ ਧਰਮ ਪ੍ਰਮੁੱਖ ਦਰੱਵਾਂ ਦਾ ਗੁਣ - ਪਰੀਆਏ ਹੁੰਦਾ ਹੈ। ॥26॥

## ਅਧਰਮਆਸਤੀ ਕਾਇਆ:

ਹੁਣ ਮੈਂ ਸਥਿਤੀ ਸੰਗਿਆ ਬਾਰੇ, ਅਧਰਮਆਸਤੀ ਕਾਇਆ ਦਾ ਲੱਛਣ ਆਖਾਂਗਾ। ਉਹ ਦਰੱਵ ਸਥਿਤੀ ਲੱਛਣ ਵਾਲਾ, ਲੋਕ ਅਕਾਸ਼ ਪਰਮਾਣ, ਅਮੂਰਤ ਅਤੇ ਕ੍ਰਿਆਹੀਨ ਹੈ ਭਾਵ ਪਦਾਰਥ ਨੂੰ ਸਥਿਰ ਰੱਖਣ ਦੇ ਸਹਾਇਕ ਹੈ। ॥27॥

ਜਿਵੇਂ ਛਾਂ ਯਾਤਰੀ ਨੂੰ ਠਹਿਰਨ ਵਿੱਚ ਸਹਾਇਕ ਹੁੰਦੀ ਹੈ, ਉਸੇ ਪ੍ਰਕਾਰ ਹੀ ਅਧਰਮ ਦਰੱਵ ਜੀਵ ਤੇ ਪੁਦਗਲ ਦੀ ਸਥਿਤੀ ਵਿੱਚ ਸਹਾਇਕ ਹੁੰਦਾ ਹੈ। ॥28॥

ਅਧਰਮ ਦਰੱਵ ਅਖੰਡ ਰੂਪ ਵਿੱਚ ਲੋਕ ਵਿੱਚ ਸਥਿਰ ਹੈ, ਇਹ ਨਿਸ਼ਕ੍ਰਿਆ, ਪਰੀਨਾਮ ਰਹਿਤ ਰੂਪੀ ਅਤੇ ਵਿਨਾਸ਼ੀ ਹੈ। ॥29॥

ਸਥਿਤੀ ਵਿੱਚ ਸਹਾਇਤਾ ਕਰਨਾ ਅਧਰਮਆਸਤੀ ਕਾਇਆ ਦਾ ਗੁਣ ਹੈ। ਇਹ ਲੋਕ ਅਕਾਸ਼ ਪਰਮਾਣ ਵਾਲਾ ਹੈ ਅਤੇ ਪਰੀਆਏ ਵਿੰਜਣਾਤਮਕ ਹੈ। ॥30॥

ਚਲਦੇ ਹੋਏ ਪਦਾਰਥ ਦਾ ਠਹਿਰਨਾ ਇਹ ਸਥਿਤੀ ਦਾ ਉਤਪਾਦ ਅਤੇ ਸਥਿਤੀ ਵਿੱਚ ਗਮਨ ਕਰਨਾ ਉਸ ਦਾ ਵਿਆਏ ਹੈ। ਦਰੱਵ ਦਾ ਅਪਣਾ ਸੁਭਾਵ ਧਰੂਵ ਹੈ ਅਜਿਹਾ ਗਿਆਨੀਆਂ ਨੂੰ ਸਮਝਣਾ ਚਾਹਿਦਾ ਹੈ। ॥31॥

ਜਿਸ ਪ੍ਰਕਾਰ ਠਹਿਰਨ ਵਾਲੇ ਯਾਤਰੀ ਨੂੰ ਛਾਂ ਸਹਾਇਤਾ ਕਰਦੀ ਹੈ। ਉਸੇ ਪ੍ਰਕਾਰ ਅਧਰਮਆਸਤੀ ਕਾਇਆ ਦੇ ਹੁੰਦੇ ਹੋਏ ਜੀਵ ਅਤੇ ਪੁਦਗਲ ਨੂੰ ਠਹਿਰਨ ਵਿੱਚ ਸਹਾਇਤਾ ਕਰਦੀ ਹੈ। ॥32॥

# ਅਕਾਸ਼ਆਸਤੀ ਕਾਇਆ:

ਅਕਾਸ਼ ਦਰੱਵ ਅਖੰਡ, ਅਮੂਰਤ, ਅਤੇ ਧਰੂਵ ਹੈ। ਗਿਆਨੀਆਂ ਨੇ ਇਸ ਨੂੰ ਅਵਕਾਸ਼ ਦੇਣਾ ਇਸ ਦਾ ਗੁਣ ਆਖਿਆ ਹੈ। ॥33॥

ਆਕਾਸ਼ ਦੀ ਸ਼ੁੱਧ ਪਰੀਆਏ ਅਨੰਤ ਪ੍ਰਦੇਸ਼ੀ ਹੈ ਅਤੇ ਘਟਾਆਕਾਸ਼ ਅਤੇ ਪਟਾਆਕਾਸ਼ ਆਦਿ ਇਸ ਦੇ ਅਸ਼ੁੱਧ ਪਰੀਆਏ ਹਨ। ਜੋ ਸਪਸ਼ਟ ਹੈ। ॥34॥

ਉਤਪਾਦ ਵਿਆਏ ਅਤੇ ਧਰੋਵਯ ਅੱਵਸਥਾ ਤੋਂ ਅਲੁਪਤ ਮੁਖਤਾਂ ਤੋਂ ਸੰਖਿਆ ਅਸੰਖਿਆ ਅਤੇ ਅਨੰਤ ਗੁਣ ਹਾਨੀ ਅਤੇ ਵਾਧੇ ਵਾਲਾ ਹੁੰਦਾ ਹੈ। ॥35॥

ਫਿਰ ਘਟਾਆਕਾਸ਼ ਪਟਾਆਕਾਸ਼ ਵੀ ਲੁਪਤ ਮੁੱਖ ਰੂਪ ਵਿੱਚ ਜੈਨ ਆਗਮਾ ਦੇ ਗਿਆਨੀਆਂ ਤੋਂ ਉਤਪਾਦ ਵਿਆਏ ਆਦਿ ਸਮਝਣਾ ਚਾਹਿਦਾ ਹੈ। ॥36॥

*********

ਟਿਪਣੀ: ਆਕਾਸ਼ ਦੇ ਲਈ ਆਖਿਆ ਗਿਆ ਹੈ ਕਿ ਉਹ ਅਖੰਡ ਅਤੇ ਅਨੰਤ ਪ੍ਰਦੇਸ਼ੀ ਹੈ ਉਸ ਦਾ ਸਰਵ ਵਿਆਪੀ ਰੂਪ ਹੀ ਆਕਾਸ਼ ਦੀ ਸ਼ੁੱਧ ਪਰੀਆਏ ਹੈ। ਘਟਾ ਆਕਾਸ਼, ਪਟਾ ਆਕਾਸ਼, ਲੋਕਾ ਆਕਾਸ਼, ਗ੍ਰਹਿ ਆਕਾਸ਼ ਉਸ ਦੀ ਅਸ਼ੁੱਧ ਪਰੀਆਏ ਹਨ। ਧਰਮ, ਅਧਰਮ ਅਤੇ ਆਕਾਸ਼ ਦੇ ਅਸ਼ੁੱਧ ਨਯ ਦੇ ਪੱਖੋਂ ਸ਼ਾਸਤਰਾਂ ਵਿੱਚ ਤਿੰਨ ਭੇਦ ਕੀਤੇ ਗਏ ਹਨ। ਸਕੰਧ, ਦੇਸ਼ ਅਤੇ ਪ੍ਰਦੇਸ਼ ਅਖੰਡ ਦਰੱਵ ਨੂੰ ਸੁਕੰਧ ਕਿਹਾ ਜਾਂਦਾ ਹੈ। ਦੀਪ, ਸਾਗਰ ਜਾਂ ਘਰ ਦੇ ਪੱਖੋਂ ਉਸ ਦਾ ਜੋ ਇੱਕ ਭਾਗ ਹੈ ਉਸ ਨੂੰ ਦੇਸ਼ ਆਖਿਆ ਜਾਂਦਾ ਹੈ ਅਤੇ ਸਭ ਤੋਂ ਛੋਟੇ ਭਾਗ ਨੂੰ ਪ੍ਰਦੇਸ਼ ਆਖਿਆ ਜਾਂਦਾ ਹੈ। ਪੁਦਗਲ ਆਸਤ ਕਾਇਆ ਦੇ ਚਾਰ ਭੇਦ ਹਨ। ਸਕੰਧ, ਦੇਸ਼, ਪ੍ਰਦੇਸ਼ ਅਤੇ ਪਰਮਾਣੂ ਵਿਖਾਈ ਦੇਣ ਵਾਲੀ ਹਰ ਵਸਤੂ ਸਕੰਧ ਹੈ, ਉਸ ਦਾ ਇੱਕ ਦੇਸ਼ ਅਖਵਾਉਂਦਾ ਹੈ ਅਤੇ ਸਭ ਤੋਂ ਛੋਟਾ ਰੂਪ ਪ੍ਰਦੇਸ਼ ਅਖਵਾਉਂਦਾ ਹੈ। ਜਦ ਇਹ ਹੀ ਛੋਟਾ ਰੂਪ ਸਭ ਤੋਂ ਛੋਟੇ ਭਾਗ ਤੋਂ ਅੱਡ ਹੋ ਜਾਂਦਾ ਹੈ ਤਾਂ ਉਹ ਪਰਮਾਣੂ ਅਖਵਾਉਂਦਾ ਹੈ।

# ਕਾਲ ਦਰੱਵ:

ਹੁਣ ਕਾਲ ਦਰੱਵ ਨੂੰ ਆਖਦਾ ਹਾਂ, ਕਾਲ ਦਰੱਵ ਦਾ ਲੱਛਣ ਬਰਤਣਾ (ਬੀਤ ਜਾਣਾ) ਹੈ। ਇਹ ਅਮੂਰਤ ਕ੍ਰਿਆਹੀਨ ਅਤੇ ਨਿੱਤ ਹੈ। ਅਨੂ ਰੂਪ ਵਿੱਚ ਲੋਕ ਵਿੱਚ ਰਹਿੰਦਾ ਹੈ। ॥37॥

ਪਰਮਾਣੂ ਦੀ ਘੱਟ ਗਤੀ ਤੋਂ ਹੋਣ ਵਾਲਾ ਸਮਾਂ, ਨਿਮਿਸ਼, ਦਿਨ, ਮਹੀਨੇ ਅਤੇ ਸਾਲ ਆਦਿ ਨਾਂ ਵਾਲਾ ਵਿਵਹਾਰ ਕਾਲ ਹੈ। ਇਕ ਪਰਮਾਣੂ ਘੱਟ ਗਤੀ ਨਾਲ ਚੱਲਦਾ ਹੋਇਆ ਜਿਨ੍ਹੇ ਕਾਲ ਵਿੱਚ ਇੱਕ ਅਕਾਸ਼ ਪ੍ਰਦੇਸ਼ ਵਿੱਚ ਜਾਵੇ ਉਸ ਨੂੰ ਸਮੇਂ ਆਖਦੇ ਹਨ। ॥38॥

ਜੀਵ ਅਤੇ ਪੁਦਗਲ ਪ੍ਰਮੁੱਖ ਦਰੱਵਾਂ ਦਾ ਨਿਸ਼ਚੈ ਤੋਂ ਪਰਨਾਮੀ ਅਤੇ ਸਹਿਕਾਰੀ ਗੁਣ ਵਿਦਵਾਨਾਂ ਨੂੰ ਸਮਝੱਣਾ ਚਾਹਿਦਾ ਹੈ। ॥39॥

ਦਰੱਵ ਦਾ ਪਰਿਵਰਤਨ ਰੂਪ ਕਾਲ ਹੀ ਵਿਵਹਾਰ ਕਾਲ ਹੈ। ਪਰੀਨਾਮ ਆਦਿ ਕ੍ਰਿਆ ਵਾਲਾ ਅਤੇ ਵਰਤਨ ਲੱਛਣ ਵਾਲਾ ਨਿਸ਼ਚੈ ਹੀ ਕਾਲ ਹੈ। ॥40॥

ਰਤਨਾਂ ਦੀ ਢੇਰੀ ਦੀ ਤਰ੍ਹਾਂ ਕਾਲ ਅਨੂ ਦਰੱਵ ਨਿਸ਼ਚੈ ਤੋਂ ਅਲਗ ਅਲਗ ਰੂਪ ਵਾਲਾ ਅਤੇ ਆਦਿ ਅੰਤ ਰਹਿਤ ਹੈ। ॥41॥

ਸਦਗੁਣੀ ਗਿਆਨੀਆਂ ਨੇ ਨਵੀਨਤਾ ਅਤੇ ਪੁਰਾਤਨਤਾ ਇਸ ਦਾ ਗੁਣ ਆਖਿਆ ਹੈ ਅਤੇ ਇੱਕ ਅਨੂ ਰੂਪ ਹੀ ਇਸ ਦਾ ਸ਼ੁੱਧ ਪਰੀਆਏ ਮੰਨਿਆ ਹੈ। ॥42॥

ਇੱਕ ਪਲਕ ਛਪਕਦੇ ਸਮੇਂ ਦਾ ਵਿਆਏ ਅਤੇ ਨਿਮਿਸ਼ ਦਾ ਉਤਪਾਦ ਹੁੰਦਾ ਹੈ। ਪਰ ਕਾਲ ਦਰੱਵ ਦੋਹਾਂ ਹਾਲਤਾਂ ਵਿੱਚ ਸਥਿਰ ਰਹਿੰਦਾ ਹੈ। ਇਸ ਲਈ ਉਸ ਦਾ ਧਰੂਵਪਨ ਸੁਭਾਅ ਸਿੱਧ ਹੈ। ॥43॥

ਸੰਖਿਆਤ ਅਸੰਖਿਆਤ ਅਤੇ ਅਨੰਤ ਗੁਣ ਦੀ ਹਾਨੀ ਵੱਧ ਤੋਂ ਵਿਆਏ ਤੇ ਉਤਪਾਦ ਹੁੰਦਾ ਹੈ। ਪਰ ਅਰਥ ਰੂਪ ਵਿੱਚ ਸਭ ਦਰੱਵਾਂ ਦਾ ਸੱਦਭਾਵ ਰਹਿੰਦਾ ਹੈ। ਕਿਸੇ ਦਰੱਵ ਦਾ ਹਮੇਸ਼ਾ ਨਾਸ਼ ਨਹੀਂ ਹੁੰਦਾ ਹੈ। ॥44॥

ਧਰਮਆਸਤੀ ਕਾਇਆ, ਅਧਰਮਆਸਤੀ ਕਾਇਆ ਅਤੇ ਜੀਵ ਨੂੰ ਅਲਗ ਅਲਗ ਇੱਕ ਦਰੱਵ ਮੰਨਿਆ ਗਿਆ ਹੈ ਅਤੇ

ਜੈਨ ਆਗਮ ਇਹਨਾਂ ਤਿੰਨਾਂ ਨੂੰ ਅਸੰਖਿਆਤ ਪ੍ਰਦੇਸ਼ੀ ਆਖਿਆ ਗਿਆ ਹੈ। ॥45॥

ਆਕਾਸ਼ਆਸਤੀ ਕਾਇਆ ਦਰੱਵ ਅਮੂਰਤ ਅਤੇ ਅਨੰਤ ਪ੍ਰਦੇਸ਼ੀ ਹੈ। ਪੁਰਗਲ ਤੋਂ ਇਲਾਵਾ ਸਾਰੇ ਦਰੱਵ ਅਮੂਰਤ ਹੁੰਦੇ ਹਨ। ॥46॥

ਜੀਵ ਅਤੇ ਪੁਦਗਲ ਇਹ ਦੋ ਦਰੱਵ ਹੀ ਪਰੀਨਮਨਸ਼ੀਲ ਜਾਣਨਾ ਚਾਹਿਦਾ ਹੈ। ਕਾਲ ਨੂੰ ਛੱਡ ਕੇ ਸਾਰੇ ਪੰਜ ਦਰੱਵਾਂ ਨੂੰ ਤੀਰਥੰਕਰਾਂ ਨੇ ਆਸਤੀ ਕਾਇਆ ਆਖਿਆ ਹੈ। ॥47॥

ਸਮਿਅੱਕਤਵ ਦੇ ਬੀਜ ਰੂਪ ਇਹ ਛੇ ਦਰੱਵ ਮੋਕਸ਼ ਚਾਹੁਣ ਵਾਲੇ ਮੁਨੀਆਂ ਦੇ ਲਈ ਨਿਸ਼ਚੈ ਹੀ ਵਿਚਾਰਨ ਯੋਗ ਹਨ। ॥48॥

ਸ਼ੁਭ ਚੰਦਨ ਮਨੀ ਰਾਹੀਂ ਪ੍ਰੇਰਤ ਸ਼੍ਰੀ ਕੰਜਕੀਰਤੀ ਆਚਾਰੀਆ ਨੇ ਜੈਨ ਆਗਮ ਦੇ ਅਨੁਸਾਰ ਗੁਣ ਪਰੀਆਏ ਵਾਲੇ ਉਤਪਾਦ ਵਿਆਏ ਅਤੇ ਧਰੋਵਯ ਨਾਲ ਸੇਵਿਤ ਇਕਾਤਮਕ ਅਤੇ ਅਨੇਕਆਤਮਕ ਇਹਨਾਂ ਸਥਾਈ ਛੇ ਦਰੱਵਾਂ ਨੂੰ ਸੰਮਿਅਕਤਵ

ਪ੍ਰਾਪਤੀ ਲਈ ਆਖਿਆ ਹੈ। ਇਸ ਲਈ ਜਦੋਂ ਤੱਕ ਚੰਦ, ਸੂਰਜ, ਤਾਰੇ, ਨਦੀ, ਪਹਾੜ ਵਾਲਾ ਇਹ ਸੰਸਾਰ ਹੈ ਤੱਦ ਤੱਕ ਤਰਨਹਾਰ ਜੀਵ ਇਸ ਗ੍ਰੰਥ ਦਾ ਰਾਤ ਦਿਨ ਅਧਿਐਨ ਕਰਦੇ ਰਹਿਣ। ॥49-51॥

***********

ਟਿਪਣੀ: ਸਮਿਅੱਕਤਵ (ਧਰਮ ਪ੍ਰਤੀ ਸ਼ੁੱਧ ਸ਼ਰਧਾ ਅਤੇ ਵਿਸ਼ਵਾਸ) ਮਨੁੱਖੀ ਜੀਵਨ ਦਾ ਪਹਿਲਾ ਤੇ ਆਖਰੀ ਉਦੇਸ਼ ਹੈ। ਅਜਿਹਾ ਗ੍ਰੰਥਾ ਅਤੇ ਮਹਾਤਮਾਵਾਂ ਦਾ ਇੱਕ ਮਾਤਰ ਅਟਲ ਸਿਧਾਂਤ ਹੈ। ਦਰੱਵ ਸਮੂਹ ਨੂੰ ਸਮਝੇ ਬਿਨ੍ਹਾਂ ਸਮਿਅੱਕਤਵ ਦਾ ਸ਼ਪਸਟੀਕਰਨ ਅਤੇ ਗਿਆਨ ਅਸੰਭਵ ਹੈ। ਅਚਾਰਿਆ ਕੰਜ ਕ੍ਰਿਤੀ ਨੇ ਸ਼ੁਭ ਚੰਦਰ ਮੁਨੀ ਦੀ ਪ੍ਰੇਰਨਾ ਨਾਲ ਜੈਨ ਆਗਮਾ ਦੀ ਮਾਨਤਾ ਦੇ ਅਨੁਕੂਲ ਦਰੱਵਾਂ ਦਾ ਵਿਸ਼ਲੇਸ਼ਣ ਕੀਤਾ ਹੈ। ਦਰੱਵ ਛੇ ਹਨ, ਸਦਾ, ਧਰੋਵਯ, ਉਤਪਾਦ, ਅਤੇ ਵਿਆਏ ਵਾਲੇ ਹਨ। ਭਾਵ ਹਰ ਘੜੀ ਉਤਪਾਦ ਅਤੇ ਵਿਆਏ ਰੂਪ ਵਿੱਚ ਪਰਿਵਰਤਨ ਨਾਲ ਦਰੱਵ ਦੀ ਧਰੁਵਤਾ ਨਸ਼ਟ ਨਹੀਂ ਹੁੰਦੀ। ਜਿਵੇਂ ਸੋਨੇ ਦੀ ਡਲੀ ਨੂੰ ਕੋਈ ਗਲਾ ਕੇ ਕੜਾ ਬਣਾਵੇ ਅਤੇ ਕਦੇ ਗਲਾ ਕੇ ਕੁੰਡਲ ਬਣਾ ਸਕਦਾ ਹੈ। ਪਰ ਦਰੱਵ ਰੂਪ ਵਿੱਚ ਸੋਨਾ ਹਮੇਸ਼ਾ ਮੋਜੂਦ ਰਹਿੰਦਾ ਹੈ। ਕੇਵਲ ਰੂਪ ਪਰਿਵਰਤਨ ਹੁੰਦਾ ਹੈ ਜੋ ਉਤਪਾਦ ਅਤੇ ਵਿਆਏ ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ।